The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




12 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨਿਊਜੀਲੈਂਡ ਸਰਕਾਰ ਨੇ ਪੇਂਡੂ ਸੜਕਾਂ 'ਤੇ ਮੌਤਾਂ ਨੂੰ ਰੋਕਣ ਦੇ ਉਦੇਸ਼ ਨਾਲ ਫੰਡਾਂ ਨੂੰ ਵਧਾਉਣ ਦਾ ਐਲਾਨ ਕੀਤਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਸਰਕਾਰ ਨੇ ਪੇਂਡੂ ਸੜਕਾਂ 'ਤੇ ਮੌਤਾਂ ਅਤੇ ਗੰਭੀਰ ਸੱਟਾਂ ਨੂੰ ਰੋਕਣ ਦੇ ਉਦੇਸ਼ ਨਾਲ ਫੰਡਾਂ ਨੂੰ ਵਧਾਉਣ ਦਾ ਐਲਾਨ ਕੀਤਾ ਹੈ,ਐਸੋਸੀਏਟ ਟਰਾਂਸਪੋਰਟ ਮੰਤਰੀ Julie Anne Genter ਨੇ ਕਿਹਾ ਕਿ ਸਰਕਾਰ ਦੇ ਸੁਰੱਖਿਆ ਬੂਸਟ ਪ੍ਰੋਗਰਾਮ ਦਾ ਵਿਸਥਾਰ ਇਸ ਸਾਲ ਦੇ 670 ਕਿਲੋਮੀਟਰ ਦੇ ਪੇਂਡੂ ਸਟੇਟ ਹਾਈਵੇਅਜ਼ ਨੂੰ ਗਿਸਬਨ ਅਤੇ ਹਕਸ ਬੇਅ, ਮਾਨਾਵੱਟੂ-ਵੈਂਗਨੂਈ ਅਤੇ ਵੈਸਟ ਕੋਸਟ ਭਰ ਵਿੱਚ ਅਪਗ੍ਰੇਡ ਕਰਨ ਲਈ 20 ਕਰੋੜ ਡਾਲਰ ਦਾ ਨਿਵੇਸ਼ ਕਰੇਗਾ। ਉਨ੍ਹਾਂ ਨੇ ਕਿਹਾ ਕਿ "ਬੂਸਟ ਪ੍ਰੋਗਰਾਮ 11 ਸਟੇਟ ਹਾਈਵੇਜ਼ ਨੂੰ ਕਵਰ ਕਰੇਗਾ।" ਇਸ ਵਿਚ ਸਾਧਾਰਣ ਸੁਰੱਖਿਆ ਅਪਗ੍ਰੇਡ ਵੀ ਸ਼ਾਮਲ ਹਨ ਜੋ ਗਰਮੀਆਂ ਦੀ ਮਿਆਦ ਵਿਚ ਤੇਜ਼ੀ ਨਾਲ ਇੰਸਟਾਲ ਕੀਤੇ ਜਾ ਸਕਦੇ ਹਨ, ਜਿਵੇਂ ਕਿ ਉੱਚੀਆਂ-ਖਤਰਨਾਕ ਥਾਵਾਂ ਵਿਚ ਸੜਕ ਕਿਨਾਰੇ ਸੁਰੱਖਿਆ ਦੇ ਰੁਕਾਵਟਾਂ, ਚੌੜਾਈ, ਅਤੇ ਸੰਕੇਤਕ ਚਿੰਨ ਆਦਿ। ਉਸਨੇ ਕਿਹਾ ਕਿ ਇਸ ਤਰ੍ਹਾਂ ਦੀ ਸੁਰੱਖਿਆ ਵਿਚ ਸੁਧਾਰ ਨਾਲ ਨਿਊਜੀਲੈਂਡ 'ਚ ਸੜਕੀ ਦੁਰਘਟਨਾਵਾਂ 'ਚ ਕਮੀ ਆਵੇਗੀ।

## 2019 ਲੋਕਸਭਾ ਚੋਣ ਨਹੀਂ ਲੜਨਗੇ ਕੇਜਰੀਵਾਲ, ਜਾਣੋਂ ਕਾਰਨ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਗਾਮੀ ਲੋਕਸਭਾ ਚੋਣ ਨਾ ਲੜਨ ਦਾ ਫੈਸਲਾ ਕਰ ਲਿਆ ਹੈ। ਮੁੱਖ ਮੰਤਰੀ ਨੇ ਪਿਛਲੇ ਲੋਕਸਭਾ ਚੋਣਾਂ 'ਚ ਵਾਰਾਨਸੀ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਣੌਤੀ ਦਿੱਤੀ ਸੀ। ਜ਼ਿਕਰਯੋਗ ਹੈ ਕਿ ਦਿੱਲੀ 'ਤੇ ਖਾਸ ਧਿਆਨ ਦੇਣ ਲਈ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ। 'ਆਪ' ਦੇ ਰਾਸ਼ਟਰੀ ਬੁਲਾਰੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਦੱਸਿਆ ਕਿ ਪਾਰਟੀ ਦੇ ਰਾਸ਼ਟਰੀ ਕੋਆਰਡੀਨੇਟਰ ਕੇਜਰੀਵਾਲ ਅਗਲੀ ਲੋਕ ਸਭਾ ਚੋਣ ਨਹੀਂ ਲੜਨਗੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਭਾਜਪਾ ਦੇ ਪ੍ਰਧਾਨ ਮੰਤਰੀ ਆਹੁਦੇ 'ਤੇ ਮੌਜੂਦਾ ਦਾਵੇਦਾਰ ਨਰਿੰਦਰ ਮੋਦੀ ਨੂੰ ਪਿਛਲੇ ਲੋਕਸਭਾ ਚੋਣਾਂ 'ਚ ਵਾਰਾਨਸੀ ਸੀਟ 'ਤੇ ਚਣੌਤੀ ਦਿੱਤੀ ਸੀ। ਪਾਰਟੀ ਇਸ ਵਾਰ ਕਿਸੇ ਹੋਰ ਮਜ਼ਬੂਤ ਉਮੀਦਵਾਰ ਨੂੰ ਚੋਣਾਂ ਲਈ ਖੜਾ ਕਰੇਗੀ।

# Timaru dairy ਦੀ ਚੋਰੀ ਸਬੰਧੀ 14 ਸਾਲਾ ਮੁੰਡਾ ਗ੍ਰਿਫਤਾਰ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੁਲੀਸ ਨੇ Timaru dairy ਚੋਰੀ ਵਾਰਦਾਤ 'ਚ ਸ਼ਾਮਿਲ ਇੱਕ 14 ਸਾਲਾ ਮੁੰਡੇ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਦੱਸਿਆ ਕਿ ਸ਼ੁੱਕਰਵਾਰ ਦੀ ਸਵੇਰ ਕਰੀਬ 8.30 ਵਜੇ ਚਾਰ ਲੋਕਾਂ ਨੇ ਮੁਹਰੇਂਸ ਰੋਡ ਸਟੋਰ ਤੋਂ ਨਕਦ ਅਤੇ ਸਿਗਰੇਟ ਲਏ, ਹਥਿਆਰਾਂ ਨਾਲ ਲੈਸ ਇਨ੍ਹਾਂ ਵਿਅਕਤੀਆਂ 'ਚੋਂ ਇੱਕ 14 ਸਾਲਾ ਨੂੰ ਗ੍ਰਿਫਤਾਰ ਕਰ ਲਿਆ। ਇਸ ਲੜਕੇ ਨੂੰ ਮੰਗਲਵਾਰ ਨੂੰ ਕ੍ਰਾਈਸਟਚਰਚ ਯੂਥ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਪੁਲਿਸ ਵੱਲੋਂ ਤਿੰਨ ਮੈਂਬਰਾਂ ਦੀ ਸ਼ਨਾਖਤ ਕਰਨ ਲਈ ਜਾਂਚ ਕਰ ਰਹੀ ਹੈ। ਇਸ ਡਕੈਤੀ ਵਿੱਚ ਕੋਈ ਵੀ ਜ਼ਖਮੀ ਨਹੀਂ ਹੋਇਆ ਸੀ।

# ਹਫਤੇ ਦੀ ਗਰਮੀ ਤੋਂ ਬਾਅਦ ਨਿਊਜੀਲੈਂਡ 'ਚ ਇਸ ਹਫਤੇ ਹੋ ਸਕਦੀ ਹੈ ਬਾਰਿਸ਼



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਕਿਸਾਨਾਂ ਅਤੇ ਗਾਰਡਨਰਜ਼ ਨੂੰ ਰਾਹਤ ਮਿਲੇਗੀ, ਕਿਉਂਕਿ ਦੇਸ਼ ਦੇ ਕਈ ਹਿੱਸਿਆਂ ਵਿੱਚ ਅੱਜ ਤੋਂ ਸੁੱਕੇ ਮੌਸਮ ਦੇ ਬਾਅਦ ਮੀਂਹ ਦੀ ਉਮੀਦ ਹੈ। ਉੱਤਰੀ ਟਾਪੂ ਦੇ ਜ਼ਿਆਦਾਤਰ ਸਥਾਨਾਂ ਨੂੰ ਕੱਲ੍ਹ ਮੀਂਹ ਆਸ ਹੈ, ਜਿਸ ਨਾਲ ਬੁੱਧਵਾਰ ਨੂੰ ਮੌਸਮ ਸਾਫ ਹੋਣ ਦੀ ਉਮੀਦ ਹੈ। ਵੈਸਟਲੈਂਡ ਦੇ ਦੱਖਣ ਵੱਲ ਫ੍ਰਾਂਜ਼ ਜੋਸੇਫ ਗਲੇਸ਼ੀਅਰ ਅਤੇ ਫਿਓਰਡਲੈਂਡ ਦੇ ਦੱਖਣ ਵੱਲ ਹੈ ਅਤੇ ਸਟੀਵਰਟ ਟਾਪੂ ਸਮੇਤ ਪੱਛਮੀ ਸਾਊਥਲੈਂਡ ਦੇ ਫਿਓਡਰਲੈਂਡ 'ਤੇ ਭਾਰੀ ਮੀਂਹ ਦੀ ਉਮੀਦ ਹੈ।

# ਆਕਲੈਂਡ ਟ੍ਰਾਂਸਪੋਰਟ ਵੱਲੋਂ ਸੜਕੀ ਦੁਰਘਟਨਾਵਾਂ 'ਤੇ ਚਿੰਤਾ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ 'ਚ ਮੈਡੋਬੈਂਕਜ਼ ਗਵਿੰਗ ਡਰਾਈਵ 'ਤੇ ਇਕ ਕਾਰ ਅਤੇ ਬੱਸ ਵਿਚਕਾਰ ਟੱਕਰ 'ਚ ਇੱਕ ਵਿਅਕਤੀ ਦੀ ਮੌਤ ਅਤੇ 9 ਹੋਰਾਂ ਦੇ ਜਖਮੀ ਹੋਣ ਦੀ ਘਟਨਾ ਨੂੰ ਲੈ ਕੇ ਆਕਲੈਂਡ ਟ੍ਰਾਂਸਪੋਰਟ ਕਾਫੀ ਚਿੰਤਤ ਹੈ। ਉਸ ਨੇ ਆਰਾਕੀ ਲੋਕਲ ਬੋਰਡ ਨੂੰ ਇਸ ਹਾਦਸੇ ਦੇ ਜਾਂਚ ਕਰਨ 'ਤੇ ਭਵਿੱਖ ਵਿੱਚ ਅਜਿਹੀਆਂ ਹੋਰ ਘਟਨਾਵਾਂ ਦੇ ਬਚਾਅ ਲਈ ਉਪਰਾਲੇ ਕਰਨ ਦੀਆ ਸਖਤ ਹਦਾਇਤਾਂ ਦਿੱਤੀਆਂ ਹਨ। ਘਟਨਾ ਦੀ ਜਾਂਚ ਭਾਂਵੇ ਚੱਲ ਰਹੀ ਹੈ ਪਰ ਪੁਲਿਸ ਦੀ ਸ਼ੁਰੂਆਤੀ ਜਾਂਚ ਦੌਰਾਨ ਇਸ ਘਟਨਾ ਦਾ ਮੁੱਖ ਕਾਰਨ ਓਵਰ ਸਪੀਡ ਮੰਨੀ ਜਾ ਰਹੀ ਹੈ। ਉਧਰ ਆਰਕਾਲੀ ਲੋਕਲ ਬੋਰਡ ਦਾ ਕਹਿਣਾ ਹੈ ਕਿ ਉਸਨੇ ਔਕਲੈਂਡ ਟ੍ਰਾਂਸਪੋਰਟ ਨੂੰ ਪਿਛਲੇ ਸਾਲ ਅਗਸਤ ਵਿਚ ਸੜਕ 'ਤੇ ਰਿਪੇਅਰ ਅਤੇ ਹੋਰ ਸੁਧਾਰਾਂ ਦਾ ਪ੍ਰਬੰਧ ਕਰਨ ਲਈ ਕਿਹਾ ਸੀ, ਉਨ੍ਹਾਂ ਕਿਹਾ ਕਿ ਆਪਣੀ ਅਗਸਤ ਦੀ ਬੈਠਕ ਦੇ ਦੌਰਾਨ, ਬੋਰਡ ਨੇ ਇੱਕ ਮਤਾ ਪਾਸ ਕੀਤਾ ਜੋ ਸੜਕ ਅਤੇ ਇੱਕ ਨਜ਼ਦੀਕੀ ਚੌਂਕ ਤੇ ਕੇਂਦਰਿਤ ਸੀ। ਮਤੇ ਵਿੱਚ "ਆਕਲੈਂਡ ਟ੍ਰਾਂਸਪੋਰਟ ਨੂੰ ਬੇਨਤੀ ਕੀਤੀ ਗਈ ਸੀ ਕਿ ਗੌਵਿੰਗ ਡ੍ਰਾਇਵ, ਪਾਸਨਸਨ ਰੋਡ ਅਤੇ ਆਰਕਡਾਲ ਸਟ੍ਰੀਟ ਇੰਟਰਸੈਕਸ਼ਨਾਂ ਵਿੱਚ ਗੈਸਿੰਗ ਦੇ ਨਾਲ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਸਪੀਡ ਅਤੇ ਹੋਰ ਪ੍ਰਬੰਧ ਕੀਤੇ ਜਾਣ। ਸਥਾਨਕ ਬੋਰਡ ਮੈਂਬਰ ਕਰਮਲ ਕਲਾਰੀਜ ਨੇ ਇਸ ਕਾਰਵਾਈ ਦੀ ਪ੍ਰਸਤਾਵਨਾ ਕੀਤੀ ਸੀ, ਉਨ੍ਹਾਂ ਕਿਹਾ ਸ ਕਿ ਸੜਕ ਲੰਬੇ ਸਮੇਂ ਤੋਂ ਸਥਾਨਕ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ ਪਰ ਅਧਿਕਾਰੀਆਂ ਨੇ ਉਨ੍ਹਾਂ ਦੀ ਬੇਨਤੀ ਦਾ ਕੋਈ ਜਵਾਬ ਨਹੀਂ ਦਿੱਤਾ। ਆਕਲੈਂਡ ਟ੍ਰਾਂਸਪੋਰਟ ਨੇ ਉਨ੍ਹਾਂ ਦੀਆਂ ਬੇਨਤੀਆਂ, ਚਿੰਤਾਵਾਂ ਦੇ ਜਵਾਬ ਵਿਚ ਕੁਝ ਨਹੀਂ ਕੀਤਾ ਅਤੇ ਆਪਣੇ ਹੱਥ 'ਤੇ ਹੱਥ ਧਰ ਜੇ ਬੈਠ ਗਿਆ ਹੈ।ਉਨ੍ਹਾਂ ਕਿਹਾ ਕਿ ਸਪਸ਼ਟ ਹੈ ਕਿ ਬੋਰਡ ਹਾਦਸਾ ਹੋਣ ਦੀ ਉਡੀਕ ਕਰ ਰਿਹਾ ਸੀ। ਜੇਕਰ ਆਕਲੈਂਡ ਟ੍ਰਾਂਸਪੋਰਟ ਸਮੇਂ ਸਿਰ ਢੁਕਵੇਂ ਕਦਮਾਂ ਚੁੱਕਦਾ ਤਾਂ ਇਸ ਸਥਿਤੀ ਤੋਂ ਬਚਿਆ ਜਾ ਸਕਦਾ ਸੀ। ਇੱਕ ਹੋਰ ਅਧਿਕਾਰੀ ਮਿਸਟਰ ਕਲੇਰੀਜ 22 ਜਨਵਰੀ ਨੂੰ ਆਕਲੈਂਡ ਟ੍ਰਾਂਸਪੋਰਟ ਦੇ ਮੈਨੇਜਰ ਨਾਲ ਮੁਲਾਕਾਤ ਕਰਨਗੇ ਅਤੇ ਉਹ ਮੈਨੇਜਰ ਤੋਂ ਪੁੱਛਣਗੇ ਕਿ ਬੋਰਡ ਦੀ ਬੇਨਤੀ ਦਾ ਅਜੇਤੱਕ ਜਵਾਬ ਕਿਉਂ ਨਹੀਂ ਦਿੱਤਾ ਗਿਆ। ਫਰਵਰੀ ਵਿਚ, ਔਕਲੈਂਡ ਟ੍ਰਾਂਸਪੋਰਟ ਨਵੀਂ ਸਪੀਡ ਪ੍ਰਬੰਧਨ ਉਪਨਿਧੀ ਨਾਲ ਸਲਾਹ ਮਸ਼ਵਰਾ ਕਰ ਰਹੇ ਹਨ, ਜਿਸ ਨਾਲ ਖਾਸ ਸੜਕਾਂ, ਕਸਬੇ ਕੇਂਦਰਾਂ ਤੇ ਸਪੀਡ ਘਟਾਉਣ ਵਿਚ ਮਦਦ ਮਿਲੇਗੀ। ਇਕ ਬਿਆਨ ਵਿਚ ਆਕਲੈਂਡ ਟ੍ਰਾਂਸਪੋਰਟ ਨੇ ਕਿਹਾ ਕਿ ਉਪ-ਨਿਯਮਾਂ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਸਪੀਡ ਘਟਾਉਣ ਦੀ ਕਾਰਵਾਈ ਸ਼ੁਰੂ ਹੋ ਜਾਵੇਗੀ, ਜਿਸ ਦੀ ਪਹਿਲੀ ਤਰਜੀਹ ਆਕਲੈਂਡ ਦੇ ਸਭ ਤੋਂ ਵੱਧ ਖਤਰੇ ਵਾਲੇ ਖੇਤਰਾਂ ਅਤੇ ਕਸਬਿਆਂ ਨੂੰ ਦਿੱਤੀ ਜਾ ਰਹੀ ਹੈ। ਜਿਨਾਂ ਵਿੱਚ ਮਿਸ਼ਨ ਬੇਅ ਅਤੇ ਸਟੀ ਹੈਲੀਅਰਜ਼ ਸ਼ਾਮਲ ਹਨ।




# ਦੱਖਣੀ ਆਕਲੈਂਡ 'ਚ ਕਾਰ ਦਾ ਸੰਤੁਲਨ ਵਿਗੜਨ ਤੋਂ ਬਾਅਦ ਭਿਆਨਕ ਹਾਦਸਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਦੱਖਣ ਔਕਲੈਂਡ ਵਿਚ ਇਕ ਵੱਡੇ ਦਰੱਖਤ ਨਾਲ ਟੱਕਰ ਮਾਰਨ ਤੋਂ ਬਾਅਦ ਇੱਕ ਡ੍ਰਾਈਵਰ ਖੁਸ਼ਕਿਸਮਤ ਨਾਲ ਬਚ ਗਿਆ। ਇਸ ਹਾਦਸੇ ਬਾਰੇ ਐਮਰਜੈਂਸੀ ਸੇਵਾਵਾਂ ਨੂੰ ਐਤਵਾਰ ਨੂੰ ਦੁਪਹਿਰ 1 ਵਜੇ ਸੂਚਿਤ ਕੀਤਾ ਗਿਆ ਸੀ।ਪੁਲਸ ਨੇ ਦੱਸਿਆ ਕਿ ਇਕ ਕਾਰ ਇਕ ਘਰ ਅਤੇ ਦਰੱਖਤ ਨਾਲ ਟਕਰਾ ਗਈ ਸੀ, ਵਾਹਨ ਦੀ ਛੱਤ ਬਿਲਕੁੱਲ ਤਹਿਸ -ਨਹਿਸ ਹੋ ਗਈ ਕਾਰ ਪੁੱਠੀ ਹੋ ਗਈ ਅਤੇ ਇਸ ਵਿੱਚ ਇੱਕ ਵਿਅਕਤੀ ਫਸ ਗਿਆ। ਜਿਸ ਨੂੰ ਕਾਫੀ ਮੁਸ਼ਕਤ ਤੋਂ ਬਾਅਦ ਸਹੀ ਸਲਾਮਤ ਬਾਹਰ ਕੱਢ ਲਿਆ ਗਿਆ। ਇੱਕ ਪ੍ਰਤੱਖ ਗਵਾਹ ਨੇ ਦੱਸਿਆ ਕਿ ਕਾਰ ਦੀ ਸਪੀਡ ਘੱਟੋ ਘੱਟ 80-90 ਕਿ.ਮੀ ਸੀ।ਵੇਖਣ ਤੋਂ" ਇਹ ਲਗਦਾ ਹੈ ਕਿ ਉਹ ਆਪਣਾ ਕੰਟਰੋਲ ਗੁਆ ਬੈਠਾ ਹੈ।ਅਤੇ ਉਸ ਨੇ ਇੱਕ ਵੱਡੇ ਦਰੱਖਤ ਨੂੰ ਟੱਕਰ ਮਾਰੀ ?ਤੇ ਉਸ ਦੀ ਗੱਡੀ ਬੁਰੀ ਤਰਾਂ ਚਕਨਾਚੂਰ ਹੋ ਗਈ ਪਰ ਉਹ ਖੁਸ਼ਕਿਸਮਤੀ ਨਾਲ ਬੱਚ ਗਿਆ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ।

# ਬਠਿੰਡਾ ਤੋਂ ਲੋਕ ਸਭਾ ਚੋਣ ਲੜ ਸਕਦੇ ਹਨ ਸੁਖਪਾਲ ਖਹਿਰਾ

ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਆਪਣੀ ਬਣਾਈ ਪੰਜਾਬ ਏਕਤਾ ਪਾਰਟੀ ਦੇ ਸਰਪ੍ਰਸਤ ਸੁਖਪਾਲ ਸਿੰਘ ਖਹਿਰਾ ਨੇ ਬਠਿੰਡਾ 'ਚ ਆਪਣਾ ਦਫਤਰ ਖੋਲ੍ਹ ਕੇ ਸਿਆਸੀ ਹਲਕਿਆਂ ਵਿਚ ਹਲਚਲ ਪੈਦਾ ਕਰ ਦਿੱਤੀ ਹੈ।ਸਾਰੀਆਂ ਛੋਟੀਆਂ-ਵੱਡੀਆਂ ਪਾਰਟੀਆਂ ਦੇ ਨਾਰਾਜ਼ ਆਗੂ ਤੇ ਵਰਕਰ ਸੁਖਪਾਲ ਸਿੰਘ ਖਹਿਰਾ ਨਾਲ ਲਗਾਤਾਰ ਸੰਪਰਕ ਕਰਨ ਵਿਚ ਜੁਟੇ ਹੋਏ ਹਨ, ਜਿਸ ਨਾਲ ਖਹਿਰਾ ਦੀ ਪਾਰਟੀ ਲਗਾਤਾਰ ਮਜ਼ਬੂਤ ਹੁੰਦੀ ਜਾ ਰਹੀ ਹੈ, ਇਸ ਲਈ ਉਨ੍ਹਾਂ ਨੇ ਬਠਿੰਡਾ ਵਿਚ ਦਫਤਰ ਖੋਲ੍ਹ ਕੇ ਉਨ੍ਹਾਂ ਨਾਲ ਜੁੜਨ ਦੀ ਅਪੀਲ ਕੀਤੀ ਹੈ।ਉਨ੍ਹਾਂ ਬਠਿੰਡਾ ਤੋਂ 'ਆਪ' ਦੀ ਟਿਕਟ 'ਤੇ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਦੀਪਕ ਬਾਂਸਲ ਨੂੰ ਹੀ ਪ੍ਰਧਾਨ ਲਾਉਣ ਦਾ ਐਲਾਨ ਕੀਤਾ।ਖਹਿਰਾ ਨੇ ਕਿਹਾ ਕਿ ਪਾਰਟੀ ਵਰਕਰਾਂ ਅਤੇ ਵੋਟਰਾਂ ਦੇ ਫੈਸਲਿਆਂ 'ਤੇ ਹੀ ਉਹ ਬਠਿੰਡਾ ਤੋਂ ਲੋਕ ਸਭਾ ਚੋਣ ਲੜਨਗੇ।ਇਸ ਤੋਂ ਇਲਾਵਾ ਖਹਿਰਾ ਨੇ ਦੋਸ਼ ਲਾਇਆ ਕਿ ਬਾਦਲ ਤੇ ਕੈਪਟਨ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ ਅਤੇ ਦੋਵਾਂ ਨੇ ਆਪਸ ਵਿਚ ਮਿਲ ਕੇ ਪੰਜਾਬ ਨੂੰ ਲੁੱਟਿਆ ਹੈ।